# ਰੋਜਾਨਾ ਕਰਾਇਮ ਰਿਪੋਰਟ ਮਿਤੀ 18.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਗਿੱਦੜਬਾਹਾ | 82 ਮਿਤੀ 17.07.2024 ਅ/ਧ 21A-61/85 NDPS ACT | ਪਿੰਡ ਗੁਰੁਸਰ ਨੇੜੇ ਸਮਸ਼ਾਨ ਘਾਟ ਕਰਾਈਵਾਲਾ ਰੋਡ | ਸ਼:ਥ ਪ੍ਰਭਜੋਤ ਸਿੰਘ | ਪ੍ਰਿੰਸਦੀਪ ਸਿੰਘ ਉਰਫ ਪ੍ਰਿੰਸ ਪੁੱਤਰ ਬਲਜੀਤ ਸਿੰਘ ਪੁੱਤਰ ਅਨੂਪ ਸਿੰਘ ਵਾਸੀ ਟਿੱਬਾ ਬਸਤੀ ਪਿੰਡ ਗੁਰੂਸਰ | ਹੋ ਚੁੱਕੀ ਹੈ। | ਸ਼ੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਸ:ਥ: ਪ੍ਰਭਜੋਤ ਸਿੰਘ ਨੰਬਰ 114/ਸਮਸ ਸਮੇਤ ਪੁਲਿਸ ਪਾਰਟੀ ਨੇੜੇ ਸ਼ਮਸ਼ਾਨ ਘਾਟ ਕਰਾਈਵਾਲਾ ਰੋਡ ਬਾਹੱਦ ਪਿੰਡ ਗੁਰੂਸਰ ਪਾਸ ਪੁੱਜਾ ਤਾਂ ਸਾਹਮਣੇ ਤੋਂ ਸੜਕੇ-ਸੜਕ ਇੱਕ ਮੋਨਾ ਨੌਜਵਾਨ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਘਬਰਾ ਕੇ ਆਪਣੀ ਜੇਬ ਵਿੱਚੋਂ ਕੁੱਝ ਜ਼ਮੀਨ ਪਰ ਸੁੱਟ ਕੇ ਕਾਹਲੀ ਨਾਲ ਪਿੱਛੇ ਨੂੰ ਮੁੜ ਕੇ ਖਿਸਕਣ ਲੱਗਾ।ਜਿਸਨੂੰ ਪੁਲਿਸ ਪਾਰਟੀ ਨੇ ਸ਼ੱਕ ਦੀ ਬਿਨਾਂਹ ਪਰ ਕਾਬੂ ਕੀਤਾ ਉਸ ਵੱਲੋਂ ਜੇਬ ਵਿੱਚੋਂ ਕੁਝ ਸੁੱਟੇ ਹੋਏ ਸਮਾਨ ਪਾਸ ਲੈ ਕੇ ਆਂਦਾ ਤਾਂ ਦੇਖਿਆ ਕਿ ਨੌਜਵਾਨ ਵਿਅਕਤੀ ਵੱਲੋਂ ਸੁੱਟਿਆ ਹੋਇਆ ਇੱਕ ਪਾਰਦਰਸ਼ੀ ਮੋਮੀ ਲਿਫਾਫਾ ਸੀ,ਜਿਸ ਨੂੰ ਸ਼ੱਕ ਦੀ ਬਿਨਾਂਹ ਪਰ ਕਾਬੂ ਕੀਤੇ ਨੌਜਵਾਨ ਵੱਲੋਂ ਜ਼ਮੀਨ ਪਰ ਸੁੱਟਿਆ ਗਿਆ ਸੀ। ਜਿਸਤੇ ਸ:ਥ: ਪ੍ਰਭਜੋਤ ਸਿੰਘ ਨੰਬਰ 114/ਸਮਸ ਨੇ ਇਸ ਪਾਸ ਕੋਈ ਨਸ਼ੀਲੀ ਵਸਤੂ ਦਾ ਸ਼ੱਕ ਹੋ ਤੇ ਲਿਖਤੀ ਇਤਲਾਹ ਥਾਣੇ ਭੇਜੀ ਜਿਸਤੇ ਐਸ.ਆਈ/ਐਸ.ਐਚ.ਓ ਦੀਪਿਕਾ ਰਾਣੀ ਨੰਬਰ 32/ਐਫ ਆਰ ਨੇ ਮੋਕਾ ਪਰ ਪੁੱਜ ਕੇ ਹਸਬ ਜਾਬਤਾ ਕਾਰਵਾਈ ਕਰਦਿਆ ਉਸ ਪਾਸੋ 05 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ। ਜਿਸਤੇ ਮੁਕਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | 05 ਗ੍ਰਾਮ ਹੈਰੋਇਨ | ਐਸ.ਆਈ/ਐਸ. ਐਚ.ਓ ਦੀਪਿਕਾ ਰਾਣੀ |
| 2 | ਸਦਰ ਮਲੋਟ | 72 ਮਿਤੀ 17.07.2024 ਅ/ਧ 115(2),117(2), 3(5) BNS | ਪਿੰਡ ਕਟੋਰੇਵਾਲਾ ਵਕੂਆ | ਤਰਸੇਮ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਕਟੋਰੇਵਾਲਾ | 1.ਬਿੱਲੂ ਰਾਮ ਪੁੱਤਰ ਖਾਨ ਚੰਦ 2.ਰੋਸ਼ਨ ਲਾਲ ਪੁੱਤਰ ਗੋਨਾ ਪੁੱਤਰ ਬਿੱਲੂ ਰਾਮ ਵਾਸੀਆਨ ਮੱਲਕਟੋਰਾ | ਬਾਕੀ ਹੈ। | ਸ਼ੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਮੁਦਈ ਆਪਣੀ ਗਲੀ ਵਿੱਚ ਬਲਦ ਰੇਹੜੀ ਕਾਫੀ ਸਮੇਂ ਤੋਂ ਰੋਕ ਰਿਹਾ ਹਾਂ । ਰੋਜਾਨਾ ਦੀ ਤਰਾਂ ਮਿਤੀ 04/07/2024 ਨੂੰ ਆਪਣੀ ਬਲਦ ਰੇਹੜੀ ਗਲੀ ਵਿੱਚ ਖੜੀ ਕੀਤੀ ਸੀ । ਵਕਤ ਕ੍ਰੀਬ 7:30 PM ਦਾ ਹੋਵੇਗਾ ਕਿ ਮੈਂ ਆਪਣੇ ਘਰੋਂ ਗਲੀ ਵਿੱਚ ਆਪਣੀ ਬਲਦ ਰੇਹੜੀ ਪਾਸ ਆਇਆ ਘਰੋਂ ਗਲੀ ਵਿੱਚ ਆਪਣੀ ਬਲਦ ਰੇਹੜੀ ਪਾਸ ਆਇਆ ਤਾਂ ਗਲੀ ਵਿੱਚ ਬਿੱਲੂ ਰਾਮ ਵੀ ਗਲੀ ਵਿੱਚ ਖੜਾ ਸੀ । ਮੇਰੇ ਨਾਲ ਤੂੰ-ਤੂੰ ,ਮੈਂ-ਮੈਂ ਕਰਨ ਲੱਗ ਪਿਆ ਤੇ ਲਲਕਾਰਾ ਮਾਰਕੇ ਕਹਿਣ ਲੱਗਾ ਕਿ ਇਸ ਨੂੰ ਗਲੀ ਵਿੱਚ ਬਲਦ ਰੇਹੜੀ ਖੜੀ ਕਰਨ ਦਾ ਮਜਾ ਚਖਾ ਦਿਉ ਤਾਂ ਇੰਨੇ ਵਿੱਚ ਉਸ ਦਾ ਲੜਕਾ ਰੋਸਨਲਾਲ ਆ ਗਿਆ ਜਿਸਨੇ ਗਲੀ ਵਿੱਚੋਂ ਇੱਟ ਚੁੱਕ ਕੇ ਮੇਰੇ ਪਰ ਵਾਰ ਕੀਤਾ ਜੋ ਮੇਰੀ ਸੱਜੀ ਬਾਂਹ ਦੀ ਕਲਾਈ ਪਰ ਲੱਗਾ ਮੈਂ ਜਮੀਨ ਪਰ ਡਿੱਗ ਪਿਆ । ਮੇਰ ਡਿੱਗੇ ਪਏ ਦੇ ਉਕਤਾਨ ਦੋਸੀਆਨ ਨੇ ਖਿੱਚ ਧੂਹ ਕੀਤੀ ਜਦ ਮੈਂ ਮਾਰਤਾ ਮਾਰਤਾ ਦਾ ਰੌਲਾ ਪਾਇਆ ਤਾਂ ਮੇਰਾ ਰੌਲਾ ਸੁਣ ਕੇ ਮੇਰਾ ਲੜਕਾ ਜਗਦੀਸ਼ ਸਿੰਘ ਮੌਕਾ ਪਰ ਆ ਗਿਆ ਜਿਸਨੂੰ ਦੇਖਕੇ ਉਕਤਾਨ ਦੋਸੀਆਨ ਮੌਕਾ ਤੋਂ ਭੱਜ ਗਏ । ਜਿਸ ਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | | ਸ:ਥ ਜਸਕਰਨ ਸਿੰਘ |
| 3 | ਬਰੀਵਾਲਾ | 54 ਮਿਤੀ 17.07.2024 ਅ/ਧ 303(2) BNS ਵਾਧਾ ਜੁਰਮ 317(2) BNS | ਪਿੰਡ ਵੜਿੰਗ | ਸ.ਥ ਪਲੂਸ ਸਿੰਘ | 1.ਗੁਰਵਿੰਦਰ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਪਿੰਡ ਵੜਿੰਗ 2.ਨਿਰਭੈਅ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਕੋਟਲੀ ਸੰਘਰ | ਦੋਸੀ ਨੰ 01 ਦੀ ਗ੍ਰਿ ਹੋ ਚੁੱਕੀ ਹੈ 02 ਦੀ ਬਾਕੀ ਹੈ। | ਸ਼ੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਉਕਤ ਦੋਸੀਆਨ ਜੋ ਟਰੈਕਟਰ ਦੀਆ ਤੇ ਹੋਰ ਵਹੀਕਲਾ ਦੀਆ ਬੈਟਰੀਆ ਚੋਰੀ ਕਰਨ ਦੇ ਆਦੀ ਹਨ ਜੋ ਅੱਜ ਵੀ ਚੋਰੀ ਕੀਤੀ ਹੋਈ ਬੈਟਰੀ ਸਮੇਤ ਨਹਿਰ ਪੁੱਲ ਮੇਨ ਰੋਡ ਕੋਟਕਪੁਰਾ ਪਰ ਵੇਚਣ ਲਈ ਗਾਹਕਾ ਦੀ ਉਡੀਕ ਕਰ ਰਹੇ ਹਨ ਜੇਕਰ ਉਹਨਾ ਪਰ ਹੁਣੇ ਹੀ ਰੇਡ ਕੀਤਾ ਜਾਵੇ ਤਾ ਉਕਤਾਨ ਦੋਸੀਆਨ ਚੋਰੀ ਕੀਤੀ ਬੈਟਰੀ ਸਮੇਤ ਕਾਬੂ ਆ ਸਕਦਾ ਹੈ।ਇਤਲਾਹ ਮੋਹਤਬਰ ਤੇ ਭਰੋਸੇਯੋਗ ਹੋਣ ਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ਇੱਕ ਬੈਟਰੀ ਟਰੈਕਟਰ ਵਾਲੀ ਰੰਗ ਚਿੱਟਾ ਮਾਰਕਾ ਕਲਾਸਿਕ | ਸ.ਥ ਪਲੂਸ ਸਿੰਘ |
| 4 | ਲੰਬੀ | 113 ਮਿਤੀ 17.07.2024 ਅ/ਧ 457,380 IPC | ਸਰਕਾਰੀ ਮਿਡਲ ਸਕੂਲ ਪਿੰਡ ਮਾਹੂਆਣਾ | ਸ਼ਸ਼ੀ ਬਾਲਾ ਸਕੂਲ਼ ਇੰਚਾਰਜ਼,ਸਰਕਾਰੀ ਮਿਡਲ ਸਕੂਲ਼ ਮਾਹੂਆਣਾ ਪਤਨੀ ਅਜੇ ਕੁਮਾਰ ਸੇਤੀਆ ਵਾਸੀ ਪਿੰਕ ਸਿਟੀ ਗਲੀ ਨੰਬਰ 03 ਮਲੋਟ | 1.ਸ਼ਮਸ਼ੇਰ ਸਿੰਘ ਪੁੱਤਰ ਕੁਲਵਿੰਦਰ ਸਿੰਘ 2.ਅਕਾਸ਼ਦੀਪ ਸਿੰਘ ਪੁੱਤਰ ਸਵਰਨ ਸਿੰਘ 3. ਸਤਨਾਮ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀਆਨ ਪਿੰਡ ਮਾਹੂਆਣਾ | ਬਾਕੀ ਹੈ। | ਸ਼ੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਬਿਆਨਕਰਤਾ ਸਰਕਾਰੀ ਮਿਡਲ ਸਕੂਲ ਪਿੰਡ ਮਾਹੂਆਣਾ ਦੀ ਇੰਚਾਰਜ਼ ਲੱਗੀ ਹੋਈ ਹੈ। ਸਕੂਲ ਵਿੱਚ ਗਰਮੀ ਦੀਆਂ ਛੁੱਟੀਆ ਦੌਰਾਨ ਮਿਤੀ 30.06.2024 ਨੂੰ ਸਕੂਲ ਦੀ ਸਫਾਈ ਕਰਨ ਵੇਲੇ ਸਕੂਲ ਦੀ ਸਫਾਈ ਸੇਵਕਾ ਸੁਖਪਾਲ ਕੌਰ ਪਿੰਡ ਮਾਹੂਆਣਾ ਵੱਲੋ ਕੰਪਿਊਟਰ ਲੈਬ ਦੇ ਦਰਵਾਜ਼ੇ ਦਾ ਕੁੰਡਾ ਟੁੱਟਿਆ ਹੋਇਆ ਦੇਖਿਆ ਸੀ। ਸਫਾਈ ਸੇਵਕਾ ਸੁਖਪਾਲ ਕੌਰ ਉਕਤ ਦੇ ਬੁਲਾਉਣ ਤੇ ਜਦ ਬਿਆਨਕਰਤਾ ਸ਼ਸ਼ੀ ਬਾਲਾ ਉਕਤ ਨੇ ਮੌਕਾ ਪਰ ਜਾ ਕੇ ਦੇਖਿਆ ਤਾਂ ਸਕੂਲ ਦੀ ਮੁੱਖ LED 42” ਗਾਇਬ ਸੀ ਅਤੇ 2 ਕੈਮਰਿਆ ਦੀ ਲੁਕੇਸ਼ਨ ਬਦਲੀ ਹੋਈ ਸੀ।ਜਿੰਨਾਂ ਨੂੰ ਹੁਣ ਤੱਕ ਪੜਤਾਲ ਕਰਨ ਤੋਂ ਬਾਅਦ ਪਤਾ ਲੱਗਾ ਕਿ ਸਕੂਲ ਦੀ ਇਹLED ਸ਼ਮਸ਼ੇਰ ਸਿੰਘ ਪੁੱਤਰ ਕੁਲਵਿੰਦਰ ਸਿੰਘ,ਅਕਾਸ਼ਦੀਪ ਸਿੰਘ ਪੁੱਤਰ ਸਵਰਨ ਸਿੰਘ ਅਤੇ ਸਤਨਾਮ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀਆਨ ਪਿੰਡ ਮਾਹੂਆਣਾ ਨੇ ਚੋਰੀ ਕੀਤੀ ਹੈ ਜਿਸ ਤੇ ਮੁਕੱਦਮਾ ਉਕਤ ਦਰਜ ਕੀਤਾ ਗਿਆ । | | ਸ.ਥ ਦਲਬੀਰ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ